BRAMPTON Service and Information Update

# ਸਿਟੀ ਆਫ ਬ੍ਰੈਂਪਟਨ, ਅੱਜ, 19 ਜੂਨ ਨੂੰ ਸਾਰੇ ਸ਼ਮਸ਼ਾਨਾਂ ਨੂੰ ਦੁਬਾਰਾ ਖੋਲ੍ਹ ਰਹੀ ਹੈ

ਬ੍ਰੈਂਪਟਨ, ਓਨਟੈਰੀਓ (19 ਜੂਨ, 2020) – ਸਿਟੀ ਆਫ ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਵਜੋਂ, ਸਿਟੀ ਦੇ ਸਾਰੇ ਸ਼ਮਸ਼ਾਨ, ਅੱਜ, 19 ਜੂਨ ਨੂੰ ਦੁਬਾਰਾ ਖੁੱਲ ਚੁੱਕੇ ਹਨ।

ਸ਼ਮਸ਼ਾਨ, ਸੋਮਵਾਰ ਤੋਂ ਐਤਵਾਰ, ਸਵੇਰੇ 7:30 ਵਜੇ ਤੋਂ ਰਾਤ 9 ਵਜੇ ਤੱਕ ਖੁੱਲੇ ਰਹਿਣਗੇ।

ਸਿਟੀ, ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦੀ ਹੈ ਅਤੇ ਸ਼ਮਸ਼ਾਨਾਂ ਵਿੱਚ, ਸਰੀਰਕ ਦੂਰੀ ਜਿਹੇ ਉਪਾਅ ਲਾਗੂ ਕੀਤੇ ਜਾਣਗੇ। ਆਉਣ ਵਾਲਿਆਂ (ਵਿਜੀਟਰਸ) ਨੂੰ ਪੂਰਾ ਸਮਾਂ, ਇੱਕ-ਦੂਜੇ ਤੋਂ ਦੋ ਮੀਟਰ (ਛੇ ਫੁੱਟ) ਦੂਰ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ।

ਦਫਨਾਉਣ ਦੇ ਦੌਰਾਨ ਜਿਹਨਾਂ ਸ਼ਮਸ਼ਾਨਾਂ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਸੀਮਾ ਪੂਰੀ ਹੋ ਜਾਵੇਗੀ, ਉਹਨਾਂ ਦੇ ਗੇਟ ਬੰਦ ਕੀਤੇ ਜਾਣਗੇ। ਸੇਵਾਵਾਂ ਪੂਰੀਆਂ ਹੋਣ ਤੇ, ਗੇਟ ਖੋਲ੍ਹੇ ਜਾਣਗੇ।

ਸੇਮੇਟਰੀ ਆਫਿਸ (Cemetery Office) ਸਿਰਫ਼ ਮੁਲਾਕਾਤ ਤੈਅ ਕਰਨ ਲਈ ਹੀ ਖੁੱਲਾ ਹੈ। ਜ਼ਰੂਰੀ ਸੇਵਾਵਾਂ, ਜਿਵੇਂ ਦਫਨਾਉਣਾ ਅਤੇ ਦਫਨਾਉਣ ਵਾਲੇ ਪਲਾਟਾਂ ਦੀ ਵਿਕਰੀ, ਲਗਾਤਾਰ ਸਿਰਫ਼ ਤੈਅ ਮੁਲਾਕਾਤ ਦੁਆਰਾ ਹੀ ਪ੍ਰਦਾਨ ਕੀਤੀਆਂ ਜਾਣਗੀਆਂ। ਨਿਵਾਸੀਆਂ ਨੂੰ ਮੁਲਾਕਾਤ ਤੈਅ ਕਰਨ ਲਈ 905.874.2997 ਤੇ ਫੋਨ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਸੇਮੇਟਰੀ ਬਾਇ-ਲਾਅ 83-2016 (Cemetery By-law 83-2016) ਦੇ ਮੁਤਾਬਕ, ਸ਼ਮਸ਼ਾਨ ਵਿੱਚ ਕੁੱਤਿਆਂ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਹੈ।

ਕੋਵਿਡ-19 (COVID-19) ਦੇ ਦੌਰਾਨ, ਸ਼ਮਸ਼ਾਨਾਂ ਦੇ ਬਾਹਰ, ਸਿਹਤ ਅਤੇ ਸੁਰੱਖਿਆ ਨਿਰਦੇਸ਼ਾਂ ਦੇ ਨਾਲ, ਸਾਈਨ ਬੋਰਡ ਲਗਾਏ ਜਾਣਗੇ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਸਮੱਸਿਆਵਾਂ ਦੀ ਰਿਪੋਰਟ ਕਰਨ ਵਾਸਤੇ, ਕਾਰਪੋਰੇਟ ਸਿਕਿਓਰਿਟੀ ਸਰਵਿਸਿਜ (Corporate Security Services) ਨੂੰ 905.874.2111 ਤੇ ਫੋਨ ਕਰਨ।

ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਸੇਮੇਟਰੀ (Brampton Cemetery) ਅਤੇ ਮੁੱਢਲੇ ਸਮੇਂ ਦੇ 25 ਸ਼ਮਸ਼ਾਨਾਂ ਨੂੰ ਸਾਂਭਦੀ ਹੈ। ਬ੍ਰੈਂਪਟਨ ਦੇ ਸ਼ਮਸ਼ਾਨਾਂ ਦੀ ਸੂਚੀ ਇੱਥੇ ਉਪਲਬਧ (available here) ਹੈ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਸਿਟੀ, ਨਿਵਾਸੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ ਅਤੇ ਗੈਰ-ਮੈਡੀਕਲ ਮਾਸਕ ਪਹਿਨਣ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸਿਟੀ ਆਫ ਬ੍ਰੈਂਪਟਨ ਨੂੰ ਅਤੇ ਰੀਜਨ ਆਫ ਪੀਲ (Region of Peel) ਨੂੰ ਸੰਪਰਕ ਕਰਨ ਲਈ, ਕਿਸੇ ਵੀ ਸਮੇਂ 311 ਤੇ ਫੋਨ ਕਰੋ।

**ਹਵਾਲੇ**

“ਸਿਟੀ ਦੇ ਸ਼ਮਸ਼ਾਨਾਂ ਨੂੰ ਦੁਬਾਰਾ ਖ੍ਹੋਲਣਾ, ਸਾਡੀ, ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਵਿੱਚ ਇੱਕ ਮਹੱਤਵਪੂਰਣ ਕਦਮ ਹੈ। ਅਸੀਂ ਜਾਣਦੇ ਹਾਂ ਕਿ ਨਿਵਾਸੀਆਂ ਲਈ ਇਸਦਾ ਕਿੰਨਾ ਮਹੱਤਵ ਹੈ, ਖਾਸ ਕਰਕੇ ਉਹਨਾਂ ਲਈ, ਜਿਹਨਾਂ ਨੇ ਆਪਣੇ ਪਿਆਰਿਆਂ ਨੂੰ ਖੋ ਦਿੱਤਾ ਹੈ। ਅਸੀਂ ਨਿਵਾਸੀਆਂ ਦੀ ਲੋੜਾਂ ਅਤੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ, ਪੂਰੀ ਮਿਹਨਤ ਨਾਲ ਕੰਮ ਕਰ ਰਹੇ ਹਾਂ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ ਰਾਹੀਂ, ਸਾਡੀਆਂ ਫੈਸਿਲਿਟੀਜ ਅਤੇ ਸਹੂਲਤਾਂ ਨੂੰ ਦੁਬਾਰਾ ਖ੍ਹੋਲਣ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਯਕੀਨੀ ਬਣਾਉਣ ਲਈ, ਅਸੀਂ ਲਗਾਤਾਰ ਭਾਈਚਾਰੇ ਦੇ ਨਾਲ ਅਰਥਪੂਰਣ ਵਿਚਾਰ-ਵਟਾਂਦਰੇ ਕਰ ਰਹੇ ਹਾਂ। ਅਸੀਂ ਸੁਰੱਖਿਅਤ ਤਰੀਕੇ ਨਾਲ, ਸਿਟੀ ਦੀ ਇਹ ਮਹੱਤਵਪੂਰਣ ਸੇਵਾ ਪ੍ਰਦਾਨ ਕਰਨ ਲਈ ਸ਼ਮਸ਼ਾਨਾਂ ਨੂੰ ਦੁਬਾਰਾ ਖ੍ਹੋਲ ਰਹੇ ਹਾਂ, ਤਾਂ ਜੋ ਨਿਵਾਸੀ ਆਪਣੇ ਪਿਆਰਿਆਂ ਨੂੰ ਸ਼ਰਧਾਂਜਲੀ ਦੇ ਸਕਣ।”

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਲੀਡ, ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ, ਸਿਟੀ ਆਫ ਬ੍ਰੈਂਪਟਨ*

“ਸਿਟੀ ਦੀਆਂ ਸੇਵਾਵਾਂ ਅਤੇ ਫੈਸਿਲਿਟੀਜ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲਣਾ, ਸਿਟੀ ਆਫ ਬ੍ਰੈਂਪਟਨ ਅਤੇ ਸਾਡੇ ਸਟਾਫ਼ ਦੀ ਮੁੱਖ ਤਰਜੀਹ ਹੈ। ਅਸੀਂ ਇਹ ਯਕੀਨੀ ਬਣਾਉਣ ਲਈ, ਲਗਾਤਾਰ ਸਾਰੇ ਜ਼ਰੂਰੀ ਕਦਮ ਚੁੱਕਾਂਗੇ ਕਿ ਅਸੀਂ ਸਿਟੀ ਦੀਆਂ ਸੇਵਾਵਾਂ ਨੂੰ ਜਨਤਾ ਲਈ, ਜ਼ਿੰਮੇਵਾਰ ਅਤੇ ਸੁਰੱਖਿਅਤ ਤਰੀਕੇ ਨਾਲ ਦੁਬਾਰਾ ਖ੍ਹੋਲ ਰਹੇ ਹਾਂ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca